ਭਗਤ ਕਬੀਰ – ਸਬਦ ੭

ਜਬ ਹਮ ਏਕੋ ਏਕੁ ਕਰਿ ਜਾਨਿਆ ॥

ਰਾਗੁ ਗਉੜੀ, ਭਗਤ ਕਬੀਰ, ਗੁਰੂ ਗ੍ਰੰਥ ਸਾਹਿਬ, ੩੨੪

ਜਬ ਹਮ ਏਕੋ ਏਕੁ ਕਰਿ ਜਾਨਿਆ ॥
ਤਬ ਲੋਗਹ ਕਾਹੇ ਦੁਖੁ ਮਾਨਿਆ ॥੧॥
ਹਮ ਅਪਤਹ ਅਪੁਨੀ ਪਤਿ ਖੋਈ ॥
ਹਮਰੈ ਖੋਜਿ ਪਰਹੁ ਮਤਿ ਕੋਈ ॥੧॥ ਰਹਾਉ ॥
ਹਮ ਮੰਦੇ ਮੰਦੇ ਮਨ ਮਾਹੀ ॥
ਸਾਝ ਪਾਤਿ ਕਾਹੂ ਸਿਉ ਨਾਹੀ ॥੨॥
ਪਤਿ ਅਪਤਿ ਤਾ ਕੀ ਨਹੀ ਲਾਜ ॥
ਤਬ ਜਾਨਹੁਗੇ ਜਬ ਉਘਰੈਗੋ ਪਾਜ ॥੩॥
ਕਹੁ ਕਬੀਰ ਪਤਿ ਹਰਿ ਪਰਵਾਨੁ ॥
ਸਰਬ ਤਿਆਗਿ ਭਜੁ ਕੇਵਲ ਰਾਮੁ ॥੪॥੩॥

ਸਾਰ: ਆਪਣੇ ਜੀਵਨ ਦੀ ਰਾਹਨੁਮਾਈ ਕਰਨ ਲਈ ਸਿਰਫ਼ ਕਿਸੇ ਆਗੂ ਤੇ ਭਰੋਸਾ ਕਰਨਾ ਅਧਿਆਤਮਿਕ ਵਿਕਾਸ ਅਤੇ ਸੰਭਾਵਨਾ ਨੂੰ ਸੀਮਤ ਕਰ ਸਕਦਾ ਹੈ। ਇਕ ਸਚੇ ਵਿਗਾਸ ਲਈ, ਆਪਣੀਆਂ ਅੰਦਰੂਨੀ ਕਦਰਾਂ-ਕੀਮਤਾਂ, ਜੀਵਨ ਦੇ ਅਨੁਭਵਾਂ ਅਤੇ ਦਾਰਸ਼ਨਿਕ ਸੂਝ ਨੂੰ ਸਮਝਣਾ ਮਹੱਤਵਪੂਰਨ ਹੈ, ਕਿਉਂਕਿ ਇਹ ਫੈਸਲਿਆਂ ਅਤੇ ਕਾਰਜਾਂ ਵਿੱਚ ਅਗਵਾਈ ਕਰਨ ਲਈ ਸਾਡੇ ਅਸਲ ਰਹਿਬਰ ਹਨ। ਆਪਣੇ ਅੰਤਰੀਵ ਨੂੰ ਖੋਜਣ ਦੀ ਯਾਤਰਾ ਵਿੱਚ ਸਵੈ-ਪੜਚੋਲ ਸ਼ਾਮਲ ਹੁੰਦੀ ਹੈ, ਜਿੱਥੇ ਅਸੀਂ ਆਪਣੀਆਂ ਸ਼ਕਤੀਆਂ, ਕਮਜ਼ੋਰੀਆਂ ਅਤੇ ਹਾਲਾਤਾਂ ਨੂੰ ਗਲੇ ਲਗਾਉਂਦੇ ਹਾਂ।

ਜਬ ਹਮ ਏਕੋ ਏਕੁ ਕਰਿ ਜਾਨਿਆ ॥
ਜਦੋਂ ਦਾ ਮੈਨੂੰ ਇਹ ਅਨੁਭਵ ਹੋਇਆ ਹੈ ਕਿ ਸਿਰਫ਼ ਇਕੋ ਇਕ ਸਰਵ-ਵਿਆਪਕ ਸਤਾ ਹੀ ਹੈ।

ਤਬ ਲੋਗਹ ਕਾਹੇ ਦੁਖੁ ਮਾਨਿਆ ॥੧॥

ਲੋਕ ਨਾਖੁਸ਼ ਕਿਉਂ  ਹਨ? ਇਹ ਤੱਥ ਇਹ ਦਰਸਾਉਂਦਾ ਹੈ ਕਿ ਬਹੁਤ ਸਾਰੇ ਲੋਕ ਆਪਣੇ ਉਪਰ ਸਮਾਜਿਕ ਅਤੇ ਨਿੱਜੀ ਸਥਿਤੀਆਂ ਦੀ ਰੰਗਤ ਚੜ੍ਹੀ ਹੋਣ ਕਾਰਣ ਦੁਖੀ ਹਨ। (੧)

ਹਮ ਅਪਤਹ ਅਪੁਨੀ ਪਤਿ ਖੋਈ ॥

ਆਪਣੇ ਲਈ ਮੈਂ ਆਪਣਾ ਸਤਿਕਾਰ ਗਵਾ ਚੁਕਾ ਹਾਂ ਜੋ ਪਰੰਪਰਾ ਅਤੇ ਤਰੱਕੀ ਨੂੰ ਜੋੜਨ ਵਾਲੀ ਤਬਦੀਲੀ ਅਤੇ ਪ੍ਰਗਤੀਸ਼ੀਲ ਸੋਚ ਨੂੰ ਪ੍ਰੇਰਿਤ ਕਰਨ ਦੇ ਇਰਾਦੇ ਨੂੰ ਦਰਸਾਉਂਦਾ ਹੈ।

ਹਮਰੈ ਖੋਜਿ ਪਰਹੁ ਮਤਿ ਕੋਈ ॥੧॥ ਰਹਾਉ ॥

ਕੋਈ ਮੈਨੂੰ ਨਾ ਲੱਭੇ, ਨਾ ਮੇਰਾ ਪਿਛਾ ਕਰੇ। ਇਹ ਵਿਚਾਰ ਕਿਸੇ ਹੋਰ ਦੇ ਪਿਛੇ ਤੁਰਨ ਨਾਲੋਂ ਆਪਣਾ ਰਾਹ ਖੁਦ ਬਣਾਉਣਾ ਦੇ ਤੱਥ ਨੂੰ ਉਜਾਗਰ ਕਰਦਾ ਹੈ। (੧)(ਠਹਿਰਾਉ)

ਹਮ ਮੰਦੇ ਮੰਦੇ ਮਨ ਮਾਹੀ ॥

ਮੈਂ ਆਪਣੀ ਢਾਹੂ ਮਾਨਸਿਕਤਾ ਕਾਰਣ ਹੀਣ ਹਾਂ, ਇਹ ਦਰਸਾਉਂਦਾ ਹੈ ਕਿ ਇਰਾਦੇ ਕਿਸੇ ਦੇ ਚਰਿੱਤਰ ਦੀ ਪ੍ਰਤੀਨਿਧਤਾ ਕਰਦੇ ਹਨ।

ਸਾਝ ਪਾਤਿ ਕਾਹੂ ਸਿਉ ਨਾਹੀ ॥੨॥

ਮੈਂ ਕਿਸੇ ਵੀ ਵਸਤ ਜਾਂ ਉਸ ਪ੍ਰਤੀ ਪ੍ਰਸ਼ੰਸਾ ਨਾਲ ਲਗਾਵ ਨਹੀਂ ਰੱਖਦਾ, ਇਹ ਉਸ ਅਜ਼ਾਦੀ ਦਾ ਪ੍ਰਤੀਕ ਹੈ ਜੋ ਪਹਿਚਾਣ ਨਾਲੋਂ ਆਪਣੇ ਆਪ ਨੂੰ ਮੁਕਤ ਕਰਨ ਤੇ ਆਉਂਦੀ ਹੈ। (੨)

ਪਤਿ ਅਪਤਿ ਤਾ ਕੀ ਨਹੀ ਲਾਜ ॥

ਮੈਂ ਸਨਮਾਨ ਅਤੇ ਬੇਇੱਜ਼ਤੀ ਦੀ ਧਾਰਨਾ ਬਾਰੇ ਕੋਈ ਸ਼ਰਮ ਨਹੀਂ ਰੱਖਦਾ। ਇਹ ਆਦਰ ਅਤੇ ਨਿਰਾਦਰ ਦੀ ਭਾਵਨਾ ਤੋਂ ਉੱਪਰ ਉੱਠਣ ਦੀ ਪ੍ਰਤੀਨਿਧਤਾ ਕਰਦਾ ਹੈ।

ਤਬ ਜਾਨਹੁਗੇ ਜਬ ਉਘਰੈਗੋ ਪਾਜ ॥੩॥

ਜਦੋਂ ਅਸੀਂ ਭਰਮਾਉਣ ਵਾਲੀਆਂ ਪਰਤਾਂ ਨੂੰ ਹਟਾਉਂਦੇ ਹਾਂ ਤਾਂ ਅਸਲ ਸਮਝ ਸਾਹਮਣੇ ਆਉਂਦੀ ਹੈ। (੩)

ਕਹੁ ਕਬੀਰ ਪਤਿ ਹਰਿ ਪਰਵਾਨੁ ॥

ਕਬੀਰ ਕਹਿੰਦੇ ਹਨ ਕਿ ਸੱਚਾ ਸਨਮਾਨ ਸਾਰੀ ਸ੍ਰਿਸ਼ਟੀ ਦੀ ਏਕਤਾ ਨੂੰ ਜਾਣਨ ਅਤੇ ਗਲਵਕੜੀ ਵਿਚ ਲੈਣ ਨਾਲ ਪ੍ਰਾਪਤ ਹੁੰਦਾ ਹੈ।

ਸਰਬ ਤਿਆਗਿ ਭਜੁ ਕੇਵਲ ਰਾਮੁ ॥੪॥੩॥

ਸਭ ਕੁਝ ਛੱਡ ਦਿਓ ਅਤੇ ਆਪਣੇ ਆਪ ਨੂੰ ਸਰਵ ਵਿਆਪਕ ਚੇਤਨਾ ਦੇ ਚਿੰਤਨ ਵਿੱਚ ਲੀਨ ਕਰੋ ਜੋ ਸਾਨੂੰ ਸਭ ਨੂੰ ਜੋੜਦੀ ਹੈ। (੪)(੩)

ਤੱਤ: ਭਗਤ ਕਬੀਰ ਦੇ ਵਿਚਾਰ ਅਨੁਸਾਰ ਲਗਾਵ ਅਟੱਲਤਾ, ਜਨੂੰਨ, ਜਾਂ ਸਥਿਰਤਾ ਦੇ ਰੂਪ ਵਿੱਚ ਪ੍ਰਗਟ ਹੋ ਸਕਦੇ ਹਨ। 'ਜਾਣ ਦੇਣਾ' ਇੱਕ ਰੂਹਾਨੀ ਪ੍ਰਕਿਰਿਆ ਹੈ ਜਿਸ ਵਿੱਚ ਨਤੀਜਿਆਂ, ਇੱਛਾਵਾਂ ਅਤੇ ਉਮੀਦਾਂ ਪ੍ਰਤੀ ਸਾਡੇ ਲਗਾਵ ਨੂੰ ਛੱਡਣਾ ਜਾਂ ਘਟਾਉਣਾ ਸ਼ਾਮਲ ਹੁੰਦਾ ਹੈ। ਇਸ ਪ੍ਰਕਿਰਿਆ ਦਾ ਅਰਥ, ਆਪਣੀ ਸਵੈ-ਹਉਮੈ ਨਾਲ ਜੁੜੀ ਪਛਾਣ ਨੂੰ ਨਿਰਾਕਾਰ, ਸਰਬ ਵਿਆਪਕ ਚੇਤਨਾ ਵੱਲ ਪਰਵਰਤਿਤ ਕਰਨਾ ਹੈ, ਜੋ ਸਾਰੇ ਜੀਵਾਂ ਨੂੰ ਮੂਰਤੀਮਾਨ ਕਰਦੀ ਅਤੇ ਕਾਇਮ ਰੱਖਦੀ ਹੈ। ਇੱਕ ਸਵੈ ਜਾਗ੍ਰਿਤ ਵਿਅਕਤੀ ਸਰੀਰ, ਮਨ ਜਾਂ ਬੁੱਧੀ ਨਾਲ ਆਪਣੀ ਪਛਾਣ ਨਹੀਂ ਜੋੜਦਾ ਅਤੇ ਆਪਣੇ ਆਪ ਨੂੰ ਕੁਦਰਤ ਦੇ ਵੱਖ-ਵੱਖ ਰੂਪਾਂ ਨਾਲੋਂ ਵਿਛੋੜ ਕੇ ਨਹੀਂ ਵੇਖਦਾ। ਰਹੱਸਵਾਦੀ ਇਸ ਅਵਸਥਾ ਨੂੰ ਸੰਯੁਕਤ ਚੇਤਨਾ ਜਾਂ ਮੁਕਤੀ ਵਜੋਂ ਦਰਸਾਉਂਦੇ ਹਨ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**